
# 6 ਮਹੀਨੇ - 4 ਸਾਲ ਦੇ ਬੱਚਿਆਂ ਲਈ ਅੱਪਡੇਟ ਕੀਤੀਆਂ COVID-19 ਵੈਕਸੀਨ ਦੀਆਂ ਸਿਫ਼ਾਰਸ਼ਾਂ



2024-2025 ਦੀ ਅੱਪਡੇਟ ਕੀਤੀ COVID-19 ਵੈਕਸੀਨ ਛੋਟੇ ਬੱਚਿਆਂ ਨੂੰ ਗੰਭੀਰ ਬਿਮਾਰੀ, ਹਸਪਤਾਲ ਵਿੱਚ ਭਰਤੀ ਹੋਣ ਅਤੇ ਇੱਥੋਂ ਤੱਕ ਕਿ COVID-19 ਕਾਰਨ ਮੌਤ ਹੋਣ ਦੇ ਖ਼ਤਰੇ ਤੋਂ ਵੀ ਬਚਾ ਸਕਦੀ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ COVID-19 ਦੀਆਂ ਵੈਕਸੀਨਾਂ ਅਸਰਦਾਰ ਤਾਂ ਰਹਿੰਦੀਆਂ ਹਨ, ਪਰ ਸਮੇਂ ਦੇ ਨਾਲ-ਨਾਲ ਉਹਨਾਂ ਦੇ ਸੁਰੱਖਿਆ ਪੱਧਰ ਵਿੱਚ ਗਿਰਾਵਟ ਆਉਣ ਲੱਗਦੀ ਹੈ।

***COVID-19** ਵੈਕਸੀਨੇਸ਼ਨ ਨਾਲ ਅੱਪ-ਟੂ-ਡੇਟ ਰਹਿਣਾ ਇਸ ਸੁਰੱਖਿਆ ਨੂੰ ਬਣਾਈ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।*

ਤੁਹਾਡੇ ਬੱਚੇ ਨੂੰ COVID-19 ਵੈਕਸੀਨ ਨਾਲ ਅੱਪ-ਟੂ-ਡੇਟ ਰਹਿਣ ਲਈ ਕਿੰਨੀਆਂ ਖੁਰਾਕਾਂ ਦੀ ਲੋੜ ਹੈ, ਇਹ ਜਾਣਨ ਲਈ ਇਸ ਚਾਰਟ ਨੂੰ ਦੇਖੋ।

| *ਵੈਕਸੀਨ ਦਾ ਬ੍ਰਾਂਡ* | *ਉਮਰ* | *ਜਿਹੜੇ ਬੱਚਿਆਂ ਨੇ ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ, ਉਹਨਾਂ ਲਈ ਖੁਰਾਕਾਂ* | *ਜਿਹੜੇ ਬੱਚਿਆਂ ਨੇ ਪਹਿਲਾਂ **COVID-19** ਵੈਕਸੀਨ ਪ੍ਰਾਪਤ ਕੀਤੀ ਹੈ* |
|---|---|---|---|
| ***Pfizer*** | 6 ਮਹੀਨੇ – 4 ਸਾਲ ਦੇ ਬੱਚੇ | ਪਹਿਲੀ ਖੁਰਾਕ: 2024-2025 ਦੀ ਅੱਪਡੇਟ ਕੀਤੀ ਵੈਕਸੀਨ।<br>ਦੂਜੀ ਖੁਰਾਕ: ਪਹਿਲੀ ਖੁਰਾਕ ਤੋਂ 3-8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ।<br>ਤੀਜੀ ਖੁਰਾਕ: ਦੂਜੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ। | ਜੇ ਪਹਿਲਾਂ **1** ਖੁਰਾਕ ਪ੍ਰਾਪਤ ਕੀਤੀ ਗਈ ਸੀ: ਮੂਲ ਖੁਰਾਕ ਤੋਂ 3-8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ ਦੀ ਦੂਜੀ ਖੁਰਾਕ।<br>ਦੂਜੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ ਦੀ ਤੀਜੀ ਖੁਰਾਕ।<br>ਜੇ ਪਹਿਲਾਂ **2** ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਸਨ: ਆਖਰੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ। |
| ***Moderna*** | 6 ਮਹੀਨੇ – 4 ਸਾਲ ਦੇ ਬੱਚੇ | ਪਹਿਲੀ ਖੁਰਾਕ: 2024-2025 ਦੀ ਅੱਪਡੇਟ ਕੀਤੀ ਵੈਕਸੀਨ।<br>ਦੂਜੀ ਖੁਰਾਕ: ਪਹਿਲੀ ਖੁਰਾਕ ਤੋਂ 4-8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ। | ਜੇ ਪਹਿਲਾਂ **1** ਖੁਰਾਕ **ਪ੍ਰਾਪਤ** ਕੀਤੀ ਗਈ ਸੀ: ਆਖਰੀ ਖੁਰਾਕ ਤੋਂ 4-8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ 1 ਖੁਰਾਕ।<br>ਜੇ ਪਹਿਲਾਂ **2** ਜਾਂ ਵੱਧ ਖੁਰਾਕਾਂ ਪਰਰਾਪਤ ਕੀਤੀਆਂ ਸਨ: ਆਖਰੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2024-2025 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ। |
| ***Novavax*** | 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ Novavax ਉਪਲਬਧ ਨਹੀਂ ਹੈ। | | |

*ਜੇ ਤੁਹਾਡੀ ਇਮਿਊਨਿਟੀ ਦੀ ਸਮਰੱਥਾ ਬਹੁਤ ਹੀ ਕਮਜ਼ੋਰ ਹੈ, ਤਾਂ ਤੁਹਾਡੇ ਲਈ ਹਦਾਇਤਾਂ ਥੋੜ੍ਹੀਆਂ ਅਲੱਗ ਹੋਣਗੀਆਂ।*

**ਜਿਹੜੇ ਲੋਕਾਂ ਨੂੰ ਹਾਲ ਹੀ ਵਿੱਚ SARS-CoV-2 ਦਾ ਸੰਕਰਮਣ ਹੋਇਆ ਹੈ, ਉਹ **ਲੱਛਣਾਂ ਦੀ ਸ਼ੁਰੂਆਤ ਤੋਂ ਜਾਂ ਪਾਜ਼ੀਟਿਵ** ਟੈਸਟ ਆਉਣ ਤੋਂ **3** ਮਹੀਨਿਆਂ ਤੱਕ ਆਪਣੀ **COVID-19** ਵੈਕਸੀਨ ਦੀ ਖੁਰਾਕ ਲੈਣ ਵਿੱਚ ਦੇਰੀ ਕਰਨ ਬਾਰੇ ਵਿਚਾਰ ਕਰ ਸਕਦੇ ਹਨ (ਜੇ ਸੰਕਰਮਣ ਲੱਛਣ-ਰਹਿਤ ਸੀ)। ਅਧਿਐਨਾਂ ਨੇ ਦਿਖਾਇਆ ਹੈ ਕਿ (ਅੰਗਰੇਜ਼ੀ ਵਿੱਚ) ਸੰਕਰਮਣ ਹੋਣ ਅਤੇ ਵੈਕਸੀਨ ਲਗਵਾਉਣ ਦੇ ਵਿਚਕਾਰ ਜੇ ਅੰਤਰਾਲ ਥੋੜ੍ਹਾ ਜ਼ਿਆਦਾ ਹੁੰਦਾ ਹੈ ਤਾਂ ਇਸ ਨਾਲ ਵੈਕਸੀਨ ਬਿਹਤਰ ਪ੍ਰਤੀਰੋਧਕ ਸ਼ਕਤੀ ਪ੍ਰਦਾਨ ਕਰ ਸਕਦਾ ਹੈ। ਇਸ ਤੋਂ ਇਲਾਵਾ, ਇਹ ਵੀ ਦੇਖਿਆ ਗਿਆ ਹੈ ਕਿ ਸੰਕਰਮਣ ਹੋਣ ਤੋਂ ਬਾਅਦ ਕਈ ਹਫ਼ਤਿਆਂ ਤੋਂ ਲੈਕੇ ਕਈ ਮਹੀਨਿਆਂ ਤੱਕ ਮੁੜ ਸੰਕਰਮਣ ਹੋਣ ਦਾ ਜ਼ੋਖ਼ਮ ਘੱਟ ਜਾਂਦਾ ਹੈ। ਸੰਕਰਮਣ ਤੋਂ ਬਾਅਦ ਵੈਕਸੀਨ ਲਗਵਾਉਣ ਲਈ ਕਿੰਨੀ ਉਡੀਕ ਕਰਨੀ ਚਾਹੀਦੀ ਹੈ ਇਹ ਤੈਅ ਕਰਨ ਲਈ ਹਰ ਇੱਕ ਕਾਰਕ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਿਵੇਂ ਕਿ COVID-19 ਕਾਰਨ ਗੰਭੀਰ ਬਿਮਾਰੀ ਹੋਣ ਦਾ ਜ਼ੋਖਮ, **COVID-19 ਦਾ ਕਮਿਊਨਿਟੀ ਪੱਧਰ** ਜਾਂ ਪ੍ਰਮੁੱਖ SARSCoV-2 ਰੂਪ ਦੀਆਂ ਵਿਸ਼ੇਸ਼ਤਾਵਾਂ।*

Vaccinate WA

Washington State Department of HEALTH

DOH 688-003 | January 2025 Punjabi ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬੋਲ਼ੇ ਗਾਹਕ ਜਾਂ ਘੱਟ ਸੁਣਨ ਵਾਲੇ ਗਾਹਕ ਜਾਂ ਕਿਸੇ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।